

# ਵਿਸ਼ਵ ਸਿੱਖ ਇਕੱਤਰਤਾ

**੧੪ ਹਾੜ, ੫੫੫ ਨਾਨਕਸ਼ਾਹੀ (੨੯ ਜੂਨ, ੨੦੨੩)**

**ਇਕੱਤਰਤਾ ਦਾ ਸਥਾਨ :**

**ਨੇੜੇ ਪੰਜ ਪਿਆਰਾ (ਖੰਡਾ) ਪਾਰਕ, ਸ੍ਰੀ ਅਨੰਦਪੁਰ ਸਾਹਿਬ**

# ਵਿਸ਼ਵ ਸਿੱਖ ਇਕੱਤਰਤਾ

**ਗੁਰਮਤਾ ਕਦੋਂ ਸੋਧਿਆ ਜਾਂਦਾ ਹੈ?**

ਜਦੋਂ ਕੋਈ ਜਥੇਦਾਰ ਕੋਈ ਅਹਿਮ ਪੰਥਕ ਔਕੜ ਦੱਸ ਘੱਲੇ ਤਾਂ ਸਾਂਝਾ ਫੈਸਲਾ ਲੈਣ ਭਾਵ 'ਗੁਰਮਤਾ' ਸੋਧਣ ਲਈ ਨੁਮਾਇੰਦਾ ਇਕੱਤਰਤਾ ਸੱਦੀ ਜਾਂਦੀ ਸੀ।

**ਕਿਸ ਨੂੰ ਗੁਰਮਤੇ ਲਈ ਸੱਦਿਆ ਜਾ ਸਕਦਾ ਹੈ?**

ਅਕਾਲ ਬੁੰਗੇ ਦੇ ਅਕਾਲੀ, ਪੰਥ ਦੇ ਸਾਰੇ ਜਥੇਦਾਰਾਂ ਤੇ ਜਿੰਮੇਵਾਰ ਸਰਦਾਰਾਂ, ਗ੍ਰੰਥੀਆਂ ਤੇ ਪ੍ਰਸਿੱਧ ਧਾਰਮਿਕ ਬਜੁਰਗੀ ਵਾਲਿਆਂ ਅਤੇ ਹੋਰ ਜਰੂਰੀ ਸਿੱਖਾਂ ਨੂੰ ਸੱਦਿਆ ਕਰਦੇ ਸਨ।

**ਪੁਰਾਤਨ ਸਮੇਂ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਣ ਵਾਲੀਆਂ ਇਕੱਤਰਤਾਵਾਂ ਵਿਚ ਗੁਰਮਤਾ ਸੋਧੇ ਜਾਣ ਦੀ ਜੁਗਤ:**

੧. ਨੀਯਤ ਸਮੇਂ 'ਤੇ ਸਭ ਹਾਜਰ ਹੋ ਜਾਂਦੇ ਸਨ।

੨. ਗੁਰਮਤੇ ਦੇ ਨੀਯਤ ਸਮੇਂ 'ਤੇ ਅਕਾਲ ਬੁੰਗੇ ਦੇ ਹਜੂਰ ਸਭ ਪਾਸੇ ਤੋਂ ਰਸਤੇ ਬੰਦ ਕਰ ਦਿੱਤੇ ਜਾਂਦੇ ਸਨ ਅਤੇ ਦਰਵਾਜਿਆਂ 'ਤੇ ਪਹਿਰੇ ਹੁੰਦੇ ਸਨ। ਅੰਦਰ ਕੇਵਲ ਉਹ ਜਾ ਸਕਦੇ ਸਨ ਜੋ ਸੱਦੇ ਹੁੰਦੇ ਸਨ। ਪਹਿਰੇਦਾਰਾਂ ਨੂੰ ਇਕ ਐਸਾ ਬੋਲਾ ਪਤਾ ਹੁੰਦਾ ਸੀ ਜੋ ਸੱਜਣ ਉਹ ਬੋਲਾ ਦੱਸ ਸਕੇ ਉਹੀ ਗੁਰਮਤੇ ਵਿਚ ਸ਼ਾਮਲ ਹੋ ਸਕਦਾ ਸੀ।

੩. ਅਕਾਲ ਬੁੰਗੇ ਦੇ ਮੈਦਾਨ ਵਿਚ ਗੁਪਤ ਦੀਵਾਨ ਸਜਦਾ, ਕੀਰਤਨ ਹੁੰਦਾ, ਫਿਰ ਹੁਕਮਨਾਮਾ ਲੈ ਕੇ ਕੜਾਹ ਪ੍ਰਸਾਦਿ ਵਰਤਦਾ ਅਤੇ ਸਾਰੇ ਛਕਦੇ।

੪. ਉਸ ਉਪਰੰਤ ਅਕਾਲੀ ਜਥੇਦਾਰ ਸਿੰਘ ਵੱਲੋਂ ਅਰਦਾਸਾ ਸੋਧਿਆ ਜਾਂਦਾ, ਇਸ ਤੋਂ ਮਗਰੋਂ ਹਰੇਕ ਆਇਆ ਸੱਜਣ ਉਠਕੇ ਅਕਾਲੀ ਜਥੇਦਾਰ ਦੇ ਸਨਮੁਖ ਹੋ ਆਖਦਾ ਕਿ "ਮੈਂ ਸੱਚੇ ਸਤਿਗੁਰੂ ਦੀ ਹਾਜਰੀ ਵਿਚ ਪੰਥ ਦੇ ਸਾਂਝੇ ਭਲੇ ਲਈ ਆਇਆ ਹਾਂ, ਮੇਰਾ ਨਿਜ ਦੇ ਹਾਨ-ਲਾਭ ਜਾਂ ਲੋਭ-ਲਾਲਚ ਕਾਰਨ ਮੇਰੀਆਂ ਵਿਚਾਰਾਂ ਵਿਚ ਕੋਈ ਖੋਟ ਜਾਂ ਪੱਖਪਾਤ ਨਹੀਂ ਹੋਵੇਗਾ।

੫. ਇਸ ਪ੍ਰਤਿੱਗਿਆ ਦੇ ਮਗਰੋਂ ਫਿਰ ਅਰਦਾਸਾ ਸੋਧ ਕੇ ਕਾਰਜ ਆਰੰਭ ਹੁੰਦਾ।

੬. ਅਰਦਾਸ ਤੋਂ ਬਾਅਦ ਪੰਜ ਸਿੰਘ ਚੁਣਨ ਦਾ ਅਮਲ ਸ਼ੁਰੂ ਹੁੰਦਾ ਹੈ। ਸਾਖੀ ਸਿੰਘ ਜਿਸ ਵਲੋਂ ਇਕੱਤਰਤਾ ਸੱਦੀ ਗਈ ਹੁੰਦੀ ਹੈ, ਹਾਜ਼ਰ ਸਿੰਘਾਂ ਵਿੱਚੋਂ ਇਕ ਦਾ ਨਾਂ ਤਜਵੀਜ਼ ਕਰਦਾ ਹੈ। ਜੇਕਰ ਹਾਜ਼ਰ ਸਿੰਘਾਂ ਵਿੱਚੋਂ ਕਿਸੇ ਨੂੰ ਤਜਵੀਜ਼ ਕੀਤੇ ਗਏ ਨਾਂ ਉਤੇ ਇਤਰਾਜ ਹੋਵੇ ਤਾਂ ਮੌਕੇ ਉਤੇ ਸਪਸ਼ਟੀਕਰਨ ਦਿੱਤਾ ਜਾਂਦਾ ਹੈ। ਜੇ ਸਾਖੀ ਸਿੰਘ ਨੂੰ ਸਪਸ਼ਟੀਕਰਨ ਪ੍ਰਵਾਨ ਹੋਵੇ, ਤਾਂ ਪਹਿਲਾ ਸਿੰਘ ਚੁਣਿਆ ਮੰਨਿਆ ਜਾਂਦਾ ਹੈ। ਦੂਸਰੇ ਸਿੰਘ ਦੀ ਚੋਣ ਲਈ ਸਾਖੀ ਸਿੰਘ ਤੇ ਪਹਿਲਾ ਸਿੰਘ ਆਪਸੀ ਵਿਚਾਰ ਕਰਕੇ ਨਾਂ ਤਜਵੀਜ਼ ਕਰਦੇ ਹਨ। ਫਿਰ ਇਕ ਇਕ ਕਰਕੇ ਇਸ ਤਰ੍ਹਾਂ ਪੰਜ ਸਿੰਘ ਚੁਣੇ ਜਾਂਦੇ ਹਨ।

੭. ਉਪਰੰਤ ਗੁਰਮਤਾ ਪਕਾਉਣ ਲਈ ਪਹਿਲਾਂ ਦੱਸੇ ਹੋਏ ਮਸਲੇ ਉਤੇ ਹਾਜ਼ਰ ਸਿੰਘ ਆਪਣੇ ਸੁਝਾਅ ਪੇਸ਼ ਕਰਦੇ ਹਨ। ਸਾਰੇ ਸੁਝਾਅ ਸੁਣਨ ਤੋਂ ਬਾਅਦ ਪੰਜ ਸਿੰਘ ਪੇਸ਼ ਹੋਏ ਸੁਝਾਵਾਂ ਅਤੇ ਗੁਰਮਤਿ ਨੂੰ ਮੁੱਖ ਰੱਖਕੇ ਆਪਣਾ ਫੈਸਲਾ ਗੁਰਮਤੇ ਦੇ ਰੂਪ ਵਿਚ ਪਕਾਉਂਦੇ ਹਨ।

੮. ਵਿਚਾਰਾਂ ਹੋ ਕੇ ਜੋ ਮਤਾ ਸੁਧ ਜਾਂਦਾ, ਅਰਥਾਤ ਜੋ ਫੈਸਲਾ ਹੋ ਜਾਂਦਾ, ਉਹ ਅਕਾਲੀ ਜਥੇਦਾਰ ਸਭ ਨੂੰ ਸੁਣਾ ਦੇਂਦਾ।

੯. ਇਕੱਤਰਤਾ ਉਪਰੰਤ ਗੁਰਮਤੇ ਉਤੇ ਪਹਿਰਾ ਦੇਣ ਲਈ ਅਤੇ ਦੀਵਾਨ ਦੀ ਸਮਾਪਤੀ ਦੀ ਅਰਦਾਸ ਹੁੰਦੀ ਹੈ।

੧੦. ਫਿਰ ਸਾਰੇ ਆਪੋ ਆਪਣੇ ਥਾਂ ਟੁਰ ਜਾਂਦੇ।

**ਵਿਸ਼ਵ ਸਿੱਖ ਇਕੱਤਰਤਾ ਵਿਚ ਗੁਰਮਤਾ ਸੋਧਣ ਦੀ ਪੁਰਾਤਨ ਜੁਗਤ ਅਨੁਸਾਰ ਹੀ ਫੈਸਲਾ ਲੈਣ ਦੀ ਕਵਾਇਦ ਕੀਤੀ ਜਾਵੇਗੀ।**

**੧੪ ਹਾੜ ੫੫੫ ਨੂੰ ਹੋਣ ਵਾਲੀ ਇਕੱਤਰਤਾ ਵਿਚ ਵਿਚਾਰਿਆ ਜਾਣ ਵਾਲਾ ਮਸਲਾ**

ਵਰਤਮਾਨ ਸਮੇਂ ਦੀ ਅਹਿਮ ਔਕੜ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰੋਮਣੀ (ਭਾਵ ਕੇਂਦਰੀ ਧੁਰੇ ਨਿਆਈ) ਅਤੇ ਸੁਤੰਤਰ ਹੋਂਦ ਹਸਤੀ ਬੁਲੰਦ ਨਹੀਂ ਰਹੀ।

ਸੋ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਦਾ ਪ੍ਰਬੰਧ ਕਿਸ ਪ੍ਰਕਾਰ ਨਵਿਆਇਆ ਜਾਏ ਤਾਂ ਕਿ ਸ੍ਰੀ ਅਕਾਲ ਤਖਤ ਸਾਹਿਬ ਇੰਡੀਅਨ ਵੋਟ ਤੰਤਰ ਵਿੱਚ ਵਿਚਰ ਰਹੇ ਕਿਸੇ ਇਕ ਸਿਆਸੀ ਧੜੇ ਦੀ ਨਿਜੀ ਸੰਸਥਾ ਦੀ ਬਜਾਏ ਵਿਸ਼ਵ ਭਰ ਵਿੱਚ ਵਿਚਰ ਰਹੇ ਗੁਰੂ ਖ਼ਾਲਸਾ ਪੰਥ ਦੇ ਜਥਿਆਂ ਦੀ ਸ਼ਮੂਲੀਅਤ ਵਾਲਾ ਕੇਂਦਰੀ ਧੁਰਾ ਬਣ ਸਕੇ।

**ਇਕੱਤਰਤਾ ਦਾ ਸਥਾਨ**

ਇਸ ਇਕੱਤਰਤਾ ਦਾ ਦੀਵਾਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜ ਪਿਆਰਾ ਪਾਰਕ ਅਤੇ ਕਿਲਾ ਅਨੰਦਗੜ੍ਹ ਦੇ ਦਰਮਿਆਨ ਸਜੇਗਾ।

**੧੪ ਹਾੜ ੫੫੫ ਨੂੰ ਹੋਣ ਵਾਲੀ ਇਕੱਤਰਤਾ ਦੀ ਵਿਧੀ**

- ਦੀਵਾਨ ਵਿਚ ਪਹੁੰਚਣ ਦਾ ਸਮਾਂ— ੯.੦੦
- ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਦੇ ਸਲੋਕਾਂ ਦੀ ਆਰੰਭਤਾ— ੯.੨੦
- ਕੀਰਤਨ ਦੀ ਆਰੰਭਤਾ— ੯.੪੫
- ਸਹਿਜ ਪਾਠ ਦੇ ਭੋਗ ਅਤੇ ਕੀਰਤਨ ਦੀ ਸਮਾਪਤੀ ਦੀ ਅਰਦਾਸ — ੧੦.੨੫
- ਵਿਸ਼ਵ ਸਿੱਖ ਇਕੱਤਰਤਾ ਦੇ ਉਦੇਸ਼ ਅਤੇ ਗੁਰਮਤਾ ਸੋਧਣ ਦੀ ਵਿਧੀ ਬਾਰੇ ਜਾਣਕਾਰੀ — ੧੦.੩੫
- ਗੁਰਮਤੇ ਦੀ ਆਰੰਭਤਾ ਦੀ ਅਰਦਾਸ— ੧੧.੦੦
- ਗੁਰਮਤੇ ਲਈ ਪੰਜ ਸਿੰਘਾਂ ਦੀ ਚੋਣ ਦੀ ਸ਼ੁਰੂਆਤ — ੧੧.੧੦



- ਗੁਰਮਤੇ ਲਈ ਵਿਚਾਰ ਵਟਾਂਦਰੇ ਦੀ ਸ਼ੁਰੂਆਤ — ੧੧.੩੦
- ਜਦੋਂ ਸਾਰੀਆਂ ਸਨਮਾਨਯੋਗ ਸਖਸ਼ੀਅਤਾਂ ਦੇ ਸੁਝਾਅ ਆ ਜਾਣਗੇ ਉਸ ਤੋਂ ਉਪਰੰਤ ਗੁਰਮਤਾ ਪਕਾਉਣ ਲਈ ਪੰਜ ਸਿੰਘ ਕੁਝ ਸਮਾਂ ਲੈਣਗੇ।
- ਗੁਰਮਤਾ ਪਕਾਏ ਜਾਣ ਤੋਂ ਬਾਅਦ ਸਾਖੀ ਸਿੰਘ ਗੁਰਮਤਾ ਸੰਗਤ ਨੂੰ ਸੁਣਾਉਣਗੇ।
- ਉਪਰੰਤ ਦੀਵਾਨ ਸਮਾਪਤੀ ਦੀ ਅਰਦਾਸ ਹੋਵੇਗੀ।

**ਵਿਸ਼ੇਸ਼ ਕਥਨ:**

- ਵਿਚਾਰ ਵਟਾਂਦਰੇ ਵਿਚ ਸ਼ਾਮਲ ਹੋਣ ਵਾਲੀਆਂ ਸਖਸ਼ੀਅਤਾਂ ਲਈ ਇਕ ਮੰਚ ਦਾ ਪ੍ਰਬੰਧ ਹੋਵੇਗਾ।
- ਉਸ ਮੰਚ ਉਤੇ ਦਾਖਲੇ ਲਈ ਨੀਲੇ ਰੰਗ ਦਾ ਇਕ ਬਿੱਲਾ ਜਾਂ ਪੱਟੀ ਜਰੂਰੀ ਹੋਵੇਗੀ । ਜੋ ਕਿ ਪ੍ਰਬੰਧਕ ਜਥੇਦਾਰ ਵਲੋਂ ਮੁਹਈਆ ਕਰਵਾਇਆ ਜਾਏਗਾ।
- ਹਰੇਕ ਜਥੇ ਵਿਚੋਂ ਵਿਚਾਰ ਵਟਾਂਦਰੇ ਲਈ ਕੇਵਲ ਦੋ ਸਿੰਘਾਂ (ਜਥੇ ਦਾ ਜਥੇਦਾਰ ਅਤੇ ਮੀਤ ਜਥੇਦਾਰ) ਨੂੰ ਮੰਚ ਉਤੇ ਜਾਣ ਦੀ ਇਜਾਜਤ ਹੋਵੇਗੀ।
- ਇਹ ਇਕੱਤਰਤਾ ਖਾਸ ਤੌਰ ਉਤੇ ਸੱਦੀਆਂ ਗਈਆਂ ਸਖਸ਼ੀਅਤਾਂ ਦਾ ਨੁਮਾਇੰਦਾ ਇਕੱਠ ਹੈ। ਇਸ ਇਕੱਤਰਤਾ ਵਿਚ ਗੁਰਮਤਿ ਪ੍ਰਥਾਏ ਸੇਵਾ, ਸੰਗਰਾਮ ਅਤੇ ਪ੍ਰਚਾਰ ਕਰ ਰਹੇ ਜਥਿਆਂ ਦੇ ਜਥੇਦਾਰਾਂ, ਰਾਜਸੀ ਸਰਦਾਰਾਂ (ਆਗੂ) ਅਤੇ ਕੁਝ ਅਹਿਮ ਸਖਸ਼ੀਅਤਾਂ ਨੂੰ ਸੱਦਿਆ ਗਿਆ ਹੈ।
- ਹਰ ਬੁਲਾਰਾ ਆਪਣਾ ਵਿਚਾਰ ਪੇਸ਼ ਕਰਨ ਤੋਂ ਪਹਿਲਾਂ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੇ ਸਨਮੁਖ ਆਪਣੇ ਨਿਰਪੱਖ ਹੋਣ ਦੀ ਪ੍ਰਤਿਗਿਆ ਦੁਹਰਾਏਗਾ ।
- ਸੁਝਾਅ ਦੇਣ ਲਈ ਹਰ ਸਖਸੀਅਤ ਨੂੰ ਚਾਰ ਮਿੰਟ ਦਾ ਸਮਾਂ ਮਿਲੇਗਾ।
- ਹੋਰ ਵੀ ਬਿਹਤਰ ਹੋਵੇਗਾ ਜੇਕਰ ਤੁਸੀਂ ਆਪਣੇ ਜਥੇ ਦੀ ਰਾਇ ਲਿਖਤੀ ਰੂਪ ਵਿੱਚ ਵੀ ਲੈ ਕਰ ਕੇ ਆਓ।
- ਇਕੱਤਰਤਾ ਸੱਦਣ ਵਾਲਾ ਸਾਖੀ ਸਿੰਘ ਫੈਸਲਾ ਲੈਣ ਵਿੱਚ ਕੋਈ ਭੂਮਿਕਾ ਨਹੀਂ ਨਿਭਾਉਂਦਾ, ਸਗੋਂ ਨਿਰਪੱਖ ਰਹਿ ਕੇ ਉਹ ਸਾਰੇ ਅਮਲ ਦਾ ਗਵਾਹ ਹੁੰਦਾ ਹੈ।
- ਕਿਉਕਿ ਇਕੱਤਰਤਾ ਸੱਦਣ ਵਾਲੇ ਜਥੇ ਦਾ ਕੋਈ ਨੀਯਤ ਜਥੇਦਾਰ ਨਹੀ ਹੈ ਇਸ ਲਈ ਸਾਖੀ ਸਿੰਘ ਦੀ ਭੂਮਿਕਾ ਇਕ ਦੀ ਥਾਂ ਪੰਜ ਸਿੰਘ ਨਿਭਾਉਣਗੇ।
- ਗੁਰਮਤੇ ਲਈ ਹਾਜਰ ਹੋਣ ਵਾਲੀਆਂ ਸਖਸ਼ੀਅਤਾਂ ਲਈ ਜਰੂਰੀ ਹੈ ਕਿ ਉਹ ਇਕੱਤਰਤਾ ਸੱਦਣ ਵਾਲੇ ਸਾਖੀ ਸਿੰਘਾਂ ਦੀ ਗੁਰੂ ਗ੍ਰੰਥ ਅਤੇ ਗੁਰੂ ਪੰਥ ਪ੍ਰਤੀ ਕੀਤੀ ਬੇਗਰਜ ਸੇਵਾ ਅਤੇ ਗੁਰਮਤਾ ਸੋਧਣ ਦੇ ਅਮਲ ਸਮੇ ਕਿਸੇ ਵੀ ਪਰਕਾਰ ਦੇ ਪੱਖਪਾਤ ਤੋਂ ਨਿਰਲੇਪ ਹੋ ਕੇ ਵਿਚਰਣ ਉਤੇ ਵਿਸ਼ਵਾਸ ਰੱਖਦੇ ਹੋਣ।

- ਇਹ ਇਕੱਤਰਤਾ ਮੌਜੂਦਾ ਪ੍ਰਚਲਤ ਇਕੱਠਾਂ ਅਤੇ ਕਾਨਫਰੰਸਾਂ ਦੀ ਬਜਾਇ ਸਾਡੀ ਰਵਾਇਤ ਵੱਲ ਨੂੰ ਪਰਤਣ ਦਾ ਇੱਕ ਯਤਨ ਹੋਵੇਗਾ ਜਿਸ ਕਰਕੇ ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪਣੇ ਜਥੇ ਸਮੇਤ ੧੪ ਹਾੜ ੫੫੫ ਨਾਨਕਸ਼ਾਹੀ (੨੮ ਜੂਨ ੨੦੨੩) ਨੂੰ ਸਵੇਰੇ ਹਰ ਹਾਲ ੯ ਵਜੇ ਤੱਕ ਪਹੁੰਚਣ ਦੀ ਖੇਚਲ ਕਰਨਾ ਜੀ।
- *ਅਜਿਹੇ ਪੜਾਅ ਪਾਰ ਕਰਕੇ ਹੀ ਸਹੀ ਰੂਪ ਵਿੱਚ ਸਰਬੱਤ ਖਾਲਸਾ ਬੁਲਾਉਣ ਤੇ ਕੀਤੇ ਗੁਰਮਤੇ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਦੇ ਯੋਗ ਹੋ ਸਕਾਂਗੇ।* ਆਪਣੀ ਪਰੰਪਰਾ ਨੂੰ ਬਹਾਲ ਕਰਨ ਦਾ ਛੋਟਾ ਅਤੇ ਸੌਖਾ ਰਾਹ ਕੋਈ ਨਹੀਂ ਹੈ।

ਆਓ! ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਵਿਚ ਪੰਚ ਪ੍ਰਧਾਨੀ ਅਗਵਾਈ ਅਤੇ ਗੁਰਮਤੇ ਦੀ ਬਹਾਲੀ ਵਾਸਤੇ ੨੮ ਜੂਨ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ਵ ਦੀ ਨੁਮਾਇੰਦਾ ਸਿੱਖ ਇਕੱਤਰਤਾ ਵਿਚ ਪੰਥਕ ਰਿਵਾਇਤ ਅਨੁਸਾਰ ਜਥਿਆਂ ਦੇ ਰੂਪ ਵਿਚ ਆਪੋ-ਆਪਣੇ ਜਥੇ ਦੀ ਪੰਚ ਪ੍ਰਧਾਨੀ ਅਗਵਾਈ, ਜੋ ਕਿ ਹੋਣ ਵਾਲੇ ਵਿਚਾਰ ਵਟਾਂਦਰੇ ਵਿਚ ਜਥੇ ਦੀ ਰਾਏ ਰੱਖ ਸਕੇ, ਚੁਣ ਕੇ ਸ਼ਮੂਲੀਅਤ ਕਰੀਏ।

**ਵੱਲੋਂ:**

| | | | |
|---|---|---|---|
| ਭਾਈ ਦਲਜੀਤ ਸਿੰਘ | ਭਾਈ ਭੁਪਿੰਦਰ ਸਿੰਘ ਭਲਵਾਨ | ਭਾਈ ਸਤਨਾਮ ਸਿੰਘ ਝੰਜੀਆਂ | ਭਾਈ ਰਾਜਿੰਦਰ ਸਿੰਘ ਮੁਗਲਵਾਲ |
| ਭਾਈ ਨਰਾਇਣ ਸਿੰਘ | ਭਾਈ ਸਤਨਾਮ ਸਿੰਘ ਖੰਡੇਵਾਲਾ | ਭਾਈ ਸੁਖਦੇਵ ਸਿੰਘ ਡੋਡ | ਭਾਈ ਮਨਜੀਤ ਸਿੰਘ ਫਗਵਾੜਾ |
| ਭਾਈ ਲਾਲ ਸਿੰਘ ਅਕਾਲਗੜ੍ਹ | ਭਾਈ ਹਰਦੀਪ ਸਿੰਘ ਮਹਿਰਾਜ | ਭਾਈ ਅਮਰੀਕ ਸਿੰਘ ਈਸੜੂ | |

## ਗੁਰਮਤੇ ਅਤੇ ਮਤੇ ਵਿਚ ਫਰਕ

ਹੁਣ ਕੁਛ ਪੁਰਬੀ ਪਰ ਵਿਸ਼ੇਸ਼ ਪੱਛਮੀ ਲੀਕਾਂ ’ਤੇ ਜਥੇਬੰਦੀ ਟੁਰੀ ਤੇ ਖਿੰਡੀ-ਫੁਟੀ ਟੁਰ ਰਹੀ ਹੈ ਤੇ ਕਈ ਵੇਰ ਪੱਛਮ ਦੇ ਮਾੜੇ ਤੇ ਨੀਵੇਂ ਤੋਂ ਨੀਵੇਂ ਵਰਤਾਰੇ ਬੀ ਵਰਤਾ ਚੁਕੀ ਹੈ। ਕਈ ਵੇਰ ਸ਼ੁਭ ਜਥੇਬੰਦੀ ਬੀ ਹੋਈ ਹੈ, ਕੰਮ ਬੀ ਕਈ ਸੁਆਰੇ ਹਨ, ਪਰ ‘ਗੁਰਮਤੇ’ ਦੇ ਸਾਮਾਨ ਵਾਪਸ ਨਹੀਂ ਆਏ। ‘ਗੁਰਮਤਾ’ ਫੇਰ ਨਹੀਂ ਲੱਗਾ।

ਸਗੋਂ ਗੁਰਮਤੇ ਦਾ ਅਰਥ ਬਦਲ ਗਿਆ ਹੈ, ਲੋਕੀਂ ਹੁਣ ਗੁਰਮਤੇ ਦਾ ਅਰਥ ਨਿਰਾ ਤਜਵੀਜ਼ (ਰੈਜ਼ੋਲਯੂਸ਼ਨ) ਮਾਤ੍ਰ ਸਮਝਦੇ ਹਨ ਤੇ ਇਨ੍ਹਾਂ ਤੰਗ ਅਰਥਾਂ ਵਿਚ ਹੀ ਪਦ ਨੂੰ ਵਰਤ ਲੈਂਦੇ ਹਨ। ਕਿਸੇ ਰੈਜੋਲਯੂਸ਼ਨ ਨੂੰ ਮਤਾ ਤਾਂ ਕਿਹਾ ਜਾ ਸਕਦਾ ਹੈ ਪਰ ਗੁਰਮਤਾ ਨਹੀਂ, ਕਿਉਂਕਿ ਗੁਰਮਤਾ ਤਾਂ ਇਕ ਜਥੇਬੰਦੀ ਹੈ, ਇਕ ਉੱਚਾ ਆਸ਼੍ਰਮ ਹੈ, ਪਵਿੱਤ੍ਰਤਾ, ਨਾਮ ਤੇ ਤਯਾਗ ਦੀਆਂ ਨੀਹਾਂ ਤੇ ਉਸਰਿਆ ਇਕ ਮੰਦਰ ਹੈ, ਇਕ ਮਰਿਯਾਦਾ ਹੈ, ਜਿਸ ਵਿਚ ਖ਼ੁਦਗ਼ਰਜ਼ੀ, ਮਾਦੀ ਲਾਭ, ਸੁਆਰਥ, ਪੱਖਵਾਦ, ਈਰਖਾ ਤੇ ਨੀਵੇਂ ਤ੍ਰੀਕਿਆਂ ਨਾਲ ਆਪਣਾ ਬਲ ਬਣਾਕੇ ਹਾਰ ਜਿੱਤ ਦੇ ਮਨਸੂਬੇ ਸਿਰੇ ਚਾੜ੍ਹਨ ਦੇ ਤ੍ਰੀਕਿਆਂ ਦੀ ਗੁੰਜਾਇਸ਼ ਨਹੀਂ।

## ਜਥੇਬੰਦੀ ਦੇ ਗੁਰਮਤਿ ਅਨੁਸਾਰੀ ਤਰੀਕੇ ਅਤੇ ਦੁਨਿਆਵੀ ਤਰੀਕੇ ਵਿਚ ਫਰਕ

‘ਗੁਰਮਤਾ’ ਨਾਮ ਪੰਥ ਦੀ ਸ਼ਰੋਮਣੀ ਜਥੇਬੰਦੀ ਦਾ ਸੀ; ਹਾਂ, ਇਹ ਇਕ ‘ਪੰਥਕ ਆਸ਼੍ਰਮ’ ਸੀ-ਜੱਥੇਬੰਦੀ ਦਾ।

ਮਾਦਾ ਪ੍ਰਸਤ ਪੱਛਮ ਦੇ ਤ੍ਰੀਕੇ ਜਥੇਬੰਦੀ ਦੇ ਹੋਰ ਹਨ, ਉਨ੍ਹਾਂ ਦਾ ਵਰਤਾਉ ਸ਼ੁਭ ਮਨੋਰਥਾਂ ਲਈ ਦਿਆਨਤਦਾਰੀ ਨਾਲ ਬੀ ਹੋ ਸਕਦਾ ਹੈ ਪਰ ਸਾਡੇ ਦੇਸ਼ ਵਿਚ ਅਕਸਰ ਓਹ ਪੱਖਵਾਦ ਤੇ ਧੜੇਬੰਦੀ ਦੇ ਤ੍ਰੀਕੇ ਤੇ ਟੁਰਦੀ ਹੈ ਤੇ ਕਈ ਵੇਰ ਓਹ ਸੱਚ ਤੇ ਭਲਿਆਈ ਤੋਂ ਪਰੇ ਹੋਕੇ ਨੀਵੇਂ ਵਰਤਾਵਾਂ ਨੂੰ ਬੀ ਲੈ ਟੁਰਦੀ ਹੈ।

ਇਸ ਪੱਛਮੀ ਜਥੇਬੰਦੀ ਦੇ ਤਰੀਕੇ ਵਿਚ ਅਕਸਰ ਆਮ ਲੋਕਾਂ (ਪਬਲਿਕ) ਦੀ ਹਉਮੈ ਨੂੰ ਪੱਠੇ ਪਾ ਕੇ ਉਨ੍ਹਾਂ ਦੇ ਛੇਤੀ ਉਭਾਰ ਖਾਣ ਵਾਲੇ ਜਜ਼ਬਿਆਂ ਨੂੰ ਆਪਣੇ ਮਤਲਬ ਦੀ ਸੇਧ ਵਿਚ ਪ੍ਰਚਲਤ ਕਰਕੇ ਆਪਣਾ ਸ੍ਵਾਰਥ, ਗ਼ਰਜ਼, ਆਪਣਾ ਖਿਆਲ ਸਿਰੇ ਚਾੜ੍ਹਨ ਦਾ ਜਤਨ ਹੁੰਦਾ ਹੈ ਤੇ ਕਈ ਵੇਰੀ ਸੱਚ ਝੂਠ ਯਾਨਤਦਾਰੀ ਦੀ ਪਰਵਾਹ ਬੀ ਨਹੀਂ ਹੁੰਦੀ।

ਗੁਰਮਤਾ ਉੱਚੇ ਮਨਾਂ, ਸੁੱਚੇ ਮਨਾਂ, ਗ਼ਰਜ਼ਾਂ ਤੋਂ ਧੋਤੇ ਮਨਾਂ ਦਾ ਸਾਂਝੇ ਪੰਥਕ ਹਾਨ ਲਾਭ ਤੇ ਆਪੇ ਨੂੰ ਮੈਂ ਮੇਰੀ ਤੋਂ ਧੋਤਾ, ਸਾਫ ਰੱਖਕੇ ਨਿਰੋਲ ਪੰਥਕ ਭਲੇ ਦੇ ਵਿਚਾਰ ਤੇ ਆਸ਼ਰਮ ਤੇ ਮਰਿਯਾਦਾ ਦਾ ਨਾਮ ਸੀ।

੧੯ਵੀਂ ਸਦੀ ਵਿਚ ਗੁਰੂ ਖਾਲਸਾ ਪੰਥ ਨੇ ਆਪਣੀ ਇਸ ਜਥੇਬੰਦੀ ਦੀ ਮਰਿਯਾਦਾ ਭਾਵ ਗੁਰਮਤੇ ਦੇ ਆਸਰੇ ਹੀ ਸ਼ਾਨਦਾਰ ਕਾਮਯਾਬੀਆਂ ਪਾਈਆਂ ਅਤੇ ਗਿਣਤੀ ਪੱਖੋਂ ਥੋੜ੍ਹੇ, ਗਰੀਬ ਤੇ ਚੁਫੇਰਿਓਂ ਦੁੱਖਾਂ ਵਿਚ ਘਿਰੇ ਹੋਏ ਹੋਣ ‘ਤੇ ਭੀ ਤਬਾਹ ਹੋਣੋਂ ਬਚੇ, ਵਧੇ, ਫੁਲੇ ਫਲੇ ਤੇ ਜਗਤ ਦੀ ਸੇਵਾ ਕਰਦੇ ਰਹੇ।

-o-

**ਸੰਪਰਕ:** +੯੧ ੭੧੪੬੨ ੪੬੬੭੩, +੯੧ ੭੭੭੨੯ ੨੦੬੭੯, +੯੧ ੯੭੭੯੫ ੪੭੭੦੧ /panthsewak